# ਪਾਠ – 2

## HTML ਫੰਡਾਮੈਂਟਲਜ਼

## (ਯਾਦ ਰੱਖਣਯੋਗ ਗੱਲਾਂ)

# ਯਾਦ ਰੱਖਣਯੋਗ ਗੱਲਾਂ

- HTML ਦਾ ਪੂਰਾ ਨਾਮ ਹਾਈਪਰ ਟੈਕਸਟ ਮਾਰਕ ਅਪ ਲੈਂਗਵੇਜ਼ ਹੈ।
- HTML ਵੈਬ ਪੇਜ ਡਿਜ਼ਾਈਨ ਕਰਨ ਲਈ ਵਰਤੀ ਜਾਣ ਵਾਲੀ ਇੱਕ ਆਮ ਅਤੇ ਬੇਸਿਕ ਭਾਸ਼ਾ ਹੈ।
- HTML ਇੱਕ ਟੈਗ ਅਧਾਰਿਤ ਭਾਸ਼ਾ ਹੈ ਜਿਸਦਾ ਕਿ ਇੱਕ ਸ਼ੁਰੂਆਤੀ ਟੈਗ ਅਤੇ ਇੱਕ ਕਲੋਜ਼ਿੰਗ ਟੈਗ ਹੁੰਦਾ ਹੈ। ਇਸਦਾ ਸ਼ੁਰੂਆਤੀ ਟੈਗ <HTML> ਅਤੇ ਅੰਤਿਮ ਟੈਗ </HTML> ਹੁੰਦਾ ਹੈ। ਸਾਰੀ ਕੋਡਿੰਗ ਇਨ੍ਹਾਂ 2 ਟੈਗਜ਼ ਦੇ ਵਿਚਕਾਰ ਕੀਤੀ ਜਾਂਦੀ ਹੈ।

# ਯਾਦ ਰੱਖਣਯੋਗ ਗੱਲਾਂ

- HTML ਵਿੱਚ 2 ਪ੍ਰਕਾਰ ਦੇ ਟੈਗ ਵਰਤੇ ਜਾਂਦੇ ਹਨ। ਐਮਪਟੀ ਟੈਗ ਅਤੇ ਕਲੋਜ਼ਿੰਗ ਟੈਗ।
- ਟੈਗਜ਼ ਜੋ ਜੋੜਿਆਂ ਦੇ ਰੂਪ ਵਿੱਚ ਮਿਲਦੇ ਹਨ ਕੰਟੇਨਰ ਟੈਗ ਜਾਂ ਪੇਅਰ ਟੈਗ ਅਖਵਾਉਂਦੇ ਹਨ ਜਿਵੇਂ <HTML> </HTML>,<HEAD> </HEAD> ਜਾਂ <BODY> </BODY> ਆਦਿ।
- ਟੈਗਜ਼ ਜੋ ਇਕੱਲੇ ਵਰਤੇ ਜਾਂਦੇ ਹਨ ਐਮਪਟੀ ਟੈਗ ਅਖਵਾਉਂਦੇ ਹਨ ਜਿਵੇਂ <BR>, <LI>, <DD> ਆਦਿ।

# ਯਾਦ ਰੱਖਣਯੋਗ ਗੱਲਾਂ

- HTML ਡਾਕੂਮੈਂਟ ਦੇ ਬੇਸਿਕ ਢਾਂਚੇ ਦੇ 2 ਮੁੱਖ ਭਾਗ ਹੁੰਦੇ ਹਨ HEAD ਅਤੇ BODY
- HEAD ਭਾਗ ਵਿੱਚ TITLE ਹੁੰਦਾ ਹੈ ਜੋ HTML ਡਾਕੂਮੈਂਟ ਦੇ ਸਿਰਲੇਖ ਦੀ ਪਛਾਣ ਕਰਦਾ ਹੈ।
- BODY ਭਾਗ ਵਿੱਚ ਅਸਲ ਜਾਣਕਾਰੀ ਹੁੰਦੀ ਹੈ ਜੋ ਉਪਭੋਗਤਾ ਨੂੰ ਵੈਬ ਪੇਜ ਤੇ ਪ੍ਰਦਰਸ਼ਿਤ ਹੁੰਦੀ ਹੈ।

# ਯਾਦ ਰੱਖਣਯੋਗ ਗੱਲਾਂ

- **HTML ਡਾਕੂਮੈਂਟ ਨੂੰ ਕਿਸੇ ਵੀ ਟੈਕਸਟ ਐਡੀਟਰ ਜਾਂ ਵਰਡ ਪ੍ਰੋਸੈਸਰ ਜਿਵੇਂ ਨੋਟਪੈਡ ਜਾਂ ਵਰਡ ਪੈਡ ਵਿੱਚ ਬਣਾਇਆ ਜਾ ਸਕਦਾ ਹੈ।**
- **HTML ਫਾਈਲ ਦੀ ਐਕਸਟੈਂਸ਼ਨ .html ਹੁੰਦੀ ਹੈ।**
- **BODY ਟੈਗ ਦਾ ਬੈਕਗ੍ਰਾਊਂਡ ਐਟਰੀਬਿਊਟ ਬਾਡੀ ਦੀ ਬੈਕਗ੍ਰਾਊਡ ਨੂੰ ਪ੍ਰਭਾਸ਼ਿਤ ਕਰਦਾ ਹੈ।**

# ਯਾਦ ਰੱਖਣਯੋਗ ਗੱਲਾਂ

- **BODY ਟੈਗ ਦਾ BGCOLOR ਐਟਰੀਬਿਊਟ ਬੈਕਗ੍ਰਾਊਂਡ ਦਾ ਰੰਗ ਬਦਲਣ ਲਈ ਵਰਤਿਆਜਾਂਦਾ ਹੈ।**
- **TEXT ਐਟਰੀਬਿਊਟ ਟੈਕਸਟ ਦੇ ਰੰਗ ਨੂੰ ਪ੍ਰਭਾਸ਼ਿਤ ਕਰਦਾ ਹੈ।**
- **HEADING ਟੈਗ ਹੈਡਿੰਗ ਬਣਾਉਣ ਦੇ ਕੰਮ ਆਉਂਦਾ ਹੈ। ਹੈਡਿੰਗ ਦੇ ਕੁੱਲ 6 ਪੱਧਰ ਹੁੰਦੇ ਹਨ।**

# ਯਾਦ ਰੱਖਣਯੋਗ ਗੱਲਾਂ

- ਫੌਂਟ ਟੈਕਸਟ ਦਾ ਪਹਿਲਾਂ ਤੋਂ ਪ੍ਰਭਾਸ਼ਿਤ ਸਟਾਈਲ ਅਤੇ ਸਾਈਜ਼ ਹੁੰਦਾ ਹੈ।ਫੌਂਟ ਦੀਆਂ 4 ਮੁੱਖ ਵਿਸ਼ੇਸ਼ਤਾਵਾਂ ਸਟਾਈਲ,ਫੇਸ,ਰੰਗ ਅਤੇ ਆਕਾਰ ਹੁੰਦੀਆਂ ਹਨ।
- <HR> ਟੈਗ ਨੂੰ ਪੇਜ ਤੇ ਲੇਟਵੀਆਂ ਰੇਖਾਵਾਂ ਦਰਸਾਉਣ ਲਈ ਵਰਤਿਆ ਜਾਂਦਾ ਹੈ।
- **HTML** ਵਿੱਚ ਲਿਸਟਾਂ 3 ਪ੍ਰਕਾਰ ਦੀਆਂ ਹੁੰਦੀਆਂ ਹਨ। **Ordered, Unordered** ਅਤੇ **Definition List**

# ਯਾਦ ਰੱਖਣਯੋਗ ਗੱਲਾਂ

- IMG ਟੈਗ ਦੀ ਵਰਤੋਂ ਵੈਬ ਪੇਜ ਵਿੱਚ ਤਸਵੀਰ ਲਗਾਉਣ ਲਈ ਕੀਤੀ ਜਾਂਦੀ ਹੈ।
- TABLE ਕਤਾਰਾਂ ਅਤੇ ਕਾਲਮਾਂ ਵਿੱਚ ਜਾਣਕਾਰੀ ਦਾ ਪ੍ਰਬੰਧ ਕਰਨ ਦੀ ਇਜਾਜ਼ਤ ਦਿੰਦਾ ਹੈ।
- TABLE ਬਣਾਉਣ ਲਈ <TABLE> ਅਤੇ </TABLE > ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

# ਯਾਦ ਰੱਖਣਯੋਗ ਗੱਲਾਂ

- ਟੇਬਲ ਹੈਡਿੰਗ ਲਈ <TH></TH>ਟੇਬਲ ਰੋਅ ਲਈ <TR></TR> ਟੇਬਲ ਡਾਟਾ ਲਈ <TD></TD> ਦੀ ਵਰਤੋਂ ਕੀਤੀ ਜਾਂਦੀ ਹੈ।
- CELLSPACING ਟੇਬਲ ਵਿੱਚ ਡਾਟਾ ਸੈਲਜ਼ ਦੇ ਵਿਚਕਾਰ ਪਿਕਸਲ ਦੀ ਚੌੜਾਈ ਹੈ।
- CELLPADDING ਸੈਲ ਕੰਟੈਂਟ ਅਤੇ ਸੈਲ ਬਾਰਡਰ ਵਿਚਕਾਰ ਪਿਕਸਲ ਸਪੇਸ ਹੈ।

# ਧੰਨਵਾਦ

DISTRICT COMPUTER SCIENCE TEAM
SBS NAGAR